# G20 Extraordinary Leaders' Summit on Afghanistan

October 11, 2021

………………………………………………………………………………………………

## ਅਫਗਾਨਿਸਤਾਨ ਬਾਰੇ G 20 ਆਗੂਆਂ ਦਾ ਵਿਸ਼ੇਸ਼ ਸੰਮੇਲਨ

**11 ਅਕਤੂਬਰ, 2021**

G -20 ਦੇ ਇਟਾਲੀਅਨ ਪ੍ਰਧਾਨ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 12 ਅਕਤੂਬਰ ਨੂੰ ਵਿੱਚ ਅਫਗਾਨਿਸਤਾਨ ਬਾਰੇ ਵਰਚੁਅਲ ਫਾਰਮੈਟ ਹੋਣ ਵਾਲੇ G -20 ਦੇ ਆਗੂਆਂ ਦੇ ਵਿਸ਼ੇਸ਼ ਸੰਮੇਲਨ ਵਿੱਚ ਹਿੱਸਾ ਲੈਣਗੇ। ਇਹ ਸੰਮੇਲਨ G 20 ਦੇ ਇਟਾਲੀਅਨ ਪ੍ਰਧਾਨ ਦੁਆਰਾ ਬੁਲਾਇਆ ਜਾ ਰਿਹਾ ਹੈV

2. ਇਸ ਮੀਟਿੰਗ ਦੇ ਏਜੰਡੇ ਵਿੱਚ ਮਨੁੱਖੀ ਲੋੜਾਂ ਪ੍ਰਤੀ ਜਵਾਬੀ ਪ੍ਰਤੀਕਿਰਿਆ ਅਤੇ ਬੁਨਿਆਦੀ ਸੇਵਾਵਾਂ ਅਤੇ ਰੋਜ਼ੀ -ਰੋਟੀ ਤੱਕ ਪਹੁੰਚ, ਸੁਰੱਖਿਆ ਅਤੇ ਅੱਤਵਾਦ ਵਿਰੁੱਧ ਲੜਾਈ ਅਤੇ ਗਤੀਸ਼ੀਲਤਾ, ਪਰਵਾਸ ਅਤੇ ਮਨੁੱਖੀ ਅਧਿਕਾਰਾਂ ਬਾਰੇ ਚਰਚਾ ਸ਼ਾਮਲ ਹੋਵੇਗੀ।

3. ਪ੍ਰਧਾਨ ਮੰਤਰੀ ਨੇ ਇਸ ਤੋਂ ਪਹਿਲਾਂ ਅਫਗਾਨਿਸਤਾਨ ਬਾਰੇ SCO -CSTO ਸੰਪਰਕ ਸੰਮੇਲਨ ਵਿੱਚ ਹਿੱਸਾ ਲਿਆ ਸੀ। ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੌਰਾਨ ਅਫਗਾਨਿਸਤਾਨ ਬਾਰੇ G -20 ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲਿਆ।

4. G -20 ਅੰਦਰ ਦੁਨੀਆ ਦੀਆਂ 20 ਵੱਡੀਆਂ ਅਰਥਵਿਵਸਥਾਵਾਂ ਸ਼ਾਮਲ ਹਨ ਅਤੇ ਅਫਗਾਨਿਸਤਾਨ ਅੰਦਰਲੇ ਵਿਗੜ ਰਹੇ ਮਨੁੱਖੀ ਸੰਕਟ ਨਾਲ ਨਜਿੱਠਣ ਲਈ ਆਲਮੀ ਸਹਿਮਤੀ ਬਣਾਉਣ ਅਤੇ ਸੰਯੁਕਤ ਰਾਸ਼ਟਰ ਅਤੇ ਇਸਦੀਆਂ ਏਜੰਸੀਆਂ ਸਣੇ ਅਤੇ ਆਲਮੀ ਖੇਤਰੀ ਕਾਰਕੁੰਨਾਂ ਵਿਚਕਾਰ ਤਾਲਮੇਲ ਬਣਾਉਣ ਵਿੱਚ ਮਦਦ ਦੇਣ ਲਈ ਮਹੱਤਵਪੂਰਨ ਪਲੇਟਫਾਰਮ ਹੈ।

ਨਵੀਂ ਦਿੱਲੀ
11 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.